ੴ ਵਾਹਿਗੁਰੂ ਜੀ ਕੀ ਫ਼ਤਹਿ

# ਅਖੰਡ ਕੀਰਤਨੀ ਜਥਾ ( ਰਜਿ.)

# Akhand Kirtani Jatha (Regd.)

## ਪ੍ਰੈਸ ਨੋਟ

ਵਾਹਿਗੁਰੂਜੀਕਾਖ਼ਾਲਸਾ ਵਾਹਿਗੁਰੂਜੀਕੀਫ਼ਤਹਿ।।

ਸੰਮੂਹ ਅਖੰਡ ਕੀਰਤਨੀ ਜਥੇ ਨਾਲ ਸੰਬੰਧਿਤ ਸੰਗਤਾਂ ਦੀ ਜਾਣਕਾਰੀ ਹਿਤ ਦਸਿਆ ਜਾਂਦਾ ਹੈ ਕਿ ਅਖੰਡ ਕੀਰਤਨੀ ਜਥੇ ਦੀ ੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਮੀਟਿੰਗ ਅੱਜ ਮਿਤੀ ੨੮ ਸਤੰਬਰ ੨੦੨੨ ਨੂੰ ਹੋਈ। ਇਸ ਮੀਟਿੰਗ ਵਿੱਚ ਅਖੰਡ ਕੀਰਤਨੀ ਜਥੇ ਦੇ ਮੁੱਖ ਸੇਵਾਦਾਰ ਭਾਈ ਬਖਸ਼ੀਸ਼ ਸਿੰਘ ਜੀ ਵੱਲੋਂ ਪਿਛਲੇ ਸਾਲ ੪ ਸਤੰਬਰ ੨੦੨੧ ਨੂੰ ਚੰਡੀਗੜ੍ਹ ਸਮਾਗਮ ਤੇ ਹੋਈ ੩੧ ਮੈਂਬਰੀ ਕਮੇਟੀ ਵੱਲੋਂ ਅਧਿਕਾਰਿਤ ੧੧ ਮੈਂਬਰਾਂ ਦੀ ਮੀਟਿੰਗ ਦੌਰਾਨ ਮੁੱਖ ਸੇਵਾਦਾਰ ਦੀ ਜ਼ਿਮੇਵਾਰੀ ਤੋਂ ਸੇਵਾ ਮੁਕਤ ਹੋਣ ਲਈ ਇਕ ਸਾਲ ਦੇ ਸਮੇਂ ਦੀ ਜੋ ਮੰਗ ਕੀਤੀ ਸੀ ਅਤੇ ਜਿਸ ਨੂੰ ਮੈਂਬਰਾਂ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਸੀ ਉਹ ਸਮਾਂ ੪ ਸਤੰਬਰ ੨੦੨੨ ਨੂੰ ਪੂਰਾ ਹੋ ਗਿਆ ਸੀ ਅਤੇ ਇਸ ਵਿਸ਼ੇ ਤੇ ਸਮੂਹ ਹਾਜ਼ਰ ਮੈਂਬਰਾਂ ਵੱਲੋਂ ਗੰਭੀਰ ਵਿਚਾਰਾਂ ਉਪਰੰਤ ਸਰਬ ਸੰਮਤੀ ਨਾਲ ਭਾਈ ਬਖਸ਼ੀਸ਼ ਸਿੰਘ ਜੀ ਨੂੰ ਜਥੇ ਦੇ ਮੁੱਖ ਸੇਵਾਦਾਰ ਦੀ ਸੇਵਾ ਤੋਂ ਤੁਰੰਤ ਪ੍ਰਭਾਵ ਤੋਂ ਮੁਕਤ ਕਰਨ ਦਾ ਫ਼ੈਸਲਾ ਲਿਆ ਗਿਆ। ਇਹ ਵੀ ਫ਼ੈਸਲਾ ਹੋਇਆ ਕਿ ਜਦੋਂ ਤੱਕ ਅਖੰਡ ਕੀਰਤਨੀ ਜਥੇ ਦੇ ਅਗਲੇ ਮੁੱਖ ਸੇਵਾਦਾਰ ਦੀ ਚੋਣ ਨਹੀਂ ਹੋ ਜਾਂਦੀ, ਉਦੋਂ ਤੱਕ ਜਥੇ ਦੇ ਕੰਮ ਕਾਜ ਨੂੰ ਦੇਖਣ ਲਈ ੧੧ ਮੈਂਬਰੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ ਦੀ ਅਗਵਾਹੀ ਹੇਠ ਕੰਮ ਕਰੇਗੀ। ਇਸ ਵਿਚ ਹੇਠ ਲਿਖੇ ਮੈਂਬਰ ਸ਼ਾਮਿਲ ਕੀਤੇ ਜਾਂਦੇ ਹਨ:

੧. ਭਾਈ ਅਵਤਾਰ ਸਿੰਘ ਮਲੀਆਂ
੨. ਭਾਈ ਰਾਜਿੰਦਰ ਪਾਲ ਸਿੰਘ ਮੁਹਾਲੀ
੩. ਭਾਈ ਸੋਹਣ ਸਿੰਘ ਨਵਾਂ ਪਿੰਡ
੪. ਭਾਈ ਬਲਦੇਵ ਸਿੰਘ ਅੰਬਾਲਾ
੫. ਭਾਈ ਸਤਿਨਾਮ ਸਿੰਘ ਫਗਵਾੜਾ
੬. ਭਾਈ ਅਰਵਿੰਦਰ ਸਿੰਘ ਰਾਜਾ ਦਿੱਲੀ
੭. ਭਾਈ ਦਲੀਪ ਸਿੰਘ ਦਿੱਲੀ
੮. ਭਾਈ ਗੁਰਚਰਨ ਸਿੰਘ ਲੁਧਿਆਣਾ
੯. ਭਾਈ ਗੁਰਮੀਤ ਸਿੰਘ ਅਨੰਦਪੁਰ ਸਾਹਿਬ
੧੦. ਭਾਈ ਧਨਵੰਤ ਸਿੰਘ ਅਮ੍ਰਿਤਸਰ
੧੧. ਭਾਈ ਇੰਦਰਜੀਤ ਸਿੰਘ ਦਿਆਲਪੁਰ

ਇਹ ਸੰਮੂਹ ਸੰਗਤਾਂ ਦੀ ਜਾਣਕਾਰੀ ਹਿਤ ਹੈ।

ਦਾਸਰੇ: (ਰਾਜਿੰਦਰਪਾਲ ਸਿੰਘ)
ਮੁੱਖ ਬੁਲਾਰਾ
੩੧ ਮੈਂਬਰੀ ਵਿਸ਼ਵ ਵਿਆਪੀ ਕਮੇਟੀ
ਅਖੰਡ ਕੀਰਤਨੀ ਜਥਾ।।

ਮਿਤੀ: ੨੮ ਸਤੰਬਰ ੨੦੨੨


AKJ WORLDWIDE

Rangeley Sajjan Memorial Charitable Trust (Regd.), Chowk Baba Sahib, Shri Amritsar

EMAIL akjworldwide@akj.org
WEB SITE www.akj.org
YOUTUBE akj.org
FACEBOOK www.facebook.com/AkhandKeertaneeJathaa
INSTAGRAM www.instagram.com/akjdotorg